# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ./ਐ.ਸਿੱ.) ਬਠਿੰਡਾ

**ਵੱਲ:**

ਪ੍ਰਿੰਸੀਪਲ/ਬੀ.ਪੀ.ਈ.ਓਜ਼/ਮੁੱਖਅਧਿਆਪਕ/ਸਕੂਲ ਮੁਖੀ,
ਸਮੂਹ ਸਰਕਾਰੀ/ਆਦਰਸ਼/ਮਾਡਲ/ਏਡਿਡ/ਮੈਰੀਟੋਰੀਅਸ ਪ੍ਰਾਇਮਰੀ/ਮਿਡਲ/ਹਾਈ/ਸੀ.ਸੈ. ਸਕੂਲ,
ਜਿਲ੍ਹਾ ਬਠਿੰਡਾ।
ਪੱਤਰ ਨੰ:ਸਸਅ/ਐਮ.ਆਈ.ਐਸ./2018/148 ਮਿਤੀ 28-03-2018

**ਵਿਸ਼ਾ:- ਈ-ਪੰਜਾਬ ਵੈੱਬ ਪੋਰਟਲ ਤੇ ਸਮੂਹ ਸਟਾਫ ਦੇ ਡਾਟਾ ਵਿਚ ਦਰੁੱਸਤੀ ਸਬੰਧੀ ।**

**ਹਵਾਲਾ ਮਿਤੀ 15-03-2018 ਨੂੰ ਜਿਲ੍ਹਾ ਐਮ.ਆਈ.ਐਸ ਕੋਆਰਡੀਨੇਟਰ ਦੀ ਹੋਈ ਮੀਟਿੰਗ ਸਬੰਧੀ।**

ਉਕਤ ਵਿਸ਼ੇ ਅਤੇ ਹਵਾਲਾ ਅਧੀਨ ਮਿਤੀ 15-03-2017 ਨੂੰ ਜਿਲ੍ਹਾ ਐਮ.ਆਈ. ਐਸ. ਕੋਆਰਡੀਨੇਟਰਜ਼ ਦੀ ਮੀਟਿੰਗ ਮੁੱਖ ਦਫਤਰ ਮੋਹਾਲੀ ਵਿਖੇ ਹੋਈ ਸੀ ਜਿਸ ਵਿੱਚ ਸਪੱਸ਼ਟ ਹਦਾਇਤ ਕੀਤੀ ਗਈ ਕਿ ਈ-ਪੰਜਾਬ ਵੈੱਬ ਪੋਰਟਲ ਤੇ ਹਰ ਇਕ ਸਕੂਲ ਦੇ ਸਮੂਹ ਸਟਾਫ ਦਾ ਡਾਟਾ ਬਿਲਕੁਲ ਦਰੁਸਤ ਹੋਣਾ ਚਾਹੀਦਾ ਹੈ। ਕਿਉਂਕਿ ਬਹੁਤ ਜਲਦ ਸਟਾਫ ਦੇ ਬੇਸਿਕ ਡਾਟਾ(ਨਾਮ/ਪਿਤਾ ਦਾ ਨਾਂ/ਜਨਮ ਮਿਤੀ/ਆਧਾਰ ਨੰ:/ਕਾਸਟ ਆਦਿ) ਨੂੰ ਪੱਕੇ ਤੌਰ ਤੇ Lock ਕਰ ਦਿੱਤਾ ਜਾਵੇਗਾ ਜਿਸ ਵਿੱਚ ਦੁਬਾਰਾ ਕੋਈ ਤਬਦੀਲੀ ਨਹੀਂ ਹੋ ਸਕੇਗੀ ਕਿਉਕਿ ਅਜਿਹੇ ਡਾਟਾ ਵਿੱਚ ਕਦੇ ਤਬਦੀਲੀ ਹੋਣ ਦੀ ਕੋਈ ਸੰਭਾਵਨਾ ਹੀ ਨਹੀ ਹੁੰਦੀ ਪਰੰਤੂ ਫਿਰ ਵੀ ਜੇਕਰ ਕਿਸੇ ਤਬਦੀਲੀ ਦੀ ਜ਼ਰੂਰਤ ਹੋਈ ਤਾਂ ਇੱਕ ਵਿਸ਼ੇਸ਼ ਪ੍ਰਫੋਰਮਾਂ ਤੇ ਸਬੰਧਤ ਕਰਮਚਾਰੀ ਦੀ ਪ੍ਰਤੀ ਬੇਨਤੀ ਨਾਲ ਸਿਰਫ ਮੁੱਖ ਦਫਤਰ ਤੋਂ ਹੀ ਸਬੰਧਤ ਕਰਮਚਾਰੀ ਦਾ ਡਾਟਾ ਦਰੁਸਤ ਹੋ ਸਕੇਗਾ । ਜਿਸ ਲਈ ਸਬੰਧਤ ਕਰਮਚਾਰੀ ਨੂੰ ਖੁਦ ਮੁੱਖ ਦਫਤਰ ਵਿਖੇ ਪੁੱਜ ਕੇ ਡਾਟਾ ਠੀਕ ਕਰਵਾਉਣਾ ਹੋਵੇਗਾ ।

**ਸੋ ਜੇਕਰ ਕਿਸੇ ਸਟਾਫ ਦੇ ਨਾਮ ਦੇ ਅੱਗੇ S./Sh./Mr./Smt./Kumari ਆਦਿ ਸ਼ਬਦ ਲਿਖੇ ਹੋਣ ਜਾਂ ਕੋਈ ਹੋਰ ਗਲਤੀ ਹੋਵੇ ਜੋ ਆਧਾਰ ਨੰਬਰ ਦੇ ਡਾਟਾ ਨਾਲ ਮੇਲ ਨਾ ਕਰਦਾ ਹੋਵੇ ਤਾਂ ਸਬੰਧਤ ਬਲਾਕ ਐਮ.ਆਈ.ਐਸ. ਕੋਆਰਡੀਨੇਟਰ ਨੂੰ ਮੈਸੇਜ਼ ਭੇਜ਼ ਕੇ ਆਪਣਾ ਡਾਟਾ ਡਿਸਅਪਰੂਵ ਕਰਵਾ ਲਿਆ ਜਾਵੇ ਅਤੇ ਦਰੁਸਤੀ ਕਰ ਲਈ ਜਾਵੇ। ਇਸ ਨੂੰ ਪਰਮ ਅਗੇਤ ਦਿੱਤੀ ਜਾਵੇ ਅਤੇ ਸਕੂਲ ਮੁਖੀ ਦੁਆਰਾ ਇਹ ਪੱਤਰ ਸਮੂਹ ਸਟਾਫ ਨੂੰ ਨੋਟ ਵੀ ਕਰਵਾ ਕੇ ਸਕੂਲ ਰਿਕਾਰਡ ਵਿੱਚ ਰੱਖ ਲਿਆ ਜਾਵੇ ਤਾਂ ਜੋ ਕੋਈ ਵੀ ਅਧਿਕਾਰੀ/ਅਧਿਆਪਕ/ਕਰਮਚਾਰੀ/ਦਰਜਾ ਚਾਰ ਇਹਨਾਂ ਹਦਾਇਤਾਂ ਤੋ ਅਣਜਾਣ ਨਾ ਹੋਵੇ।**

ਸ/- ਸ/-

**ਜਿਲ੍ਹਾ ਸਿੱਖਿਆ ਅਫਸਰ(ਐ.ਸਿੱ.)**
**ਬਠਿੰਡਾ।**

**ਜਿਲ੍ਹਾ ਸਿੱਖਿਆ ਅਫਸਰ(ਸੈ.ਸਿੱ.)**
**ਬਠਿੰਡਾ।**

ਉਪਰੋਕਤ ਦਾ ਉਤਾਰਾ ਸਮੂਹ ਬੀ.ਪੀ.ਈ.ਓਜ਼. ਨੂੰ ਆਪਣੇ ਅਧੀਨ ਪੈਂਦੇ ਸਮੂਹ ਸਰਕਾਰੀ ਪ੍ਰਾਇਮਰੀ ਸਕੂਲ ਮੁਖੀਆਂ ਨੂੰ ਉਕਤ ਹਦਾਇਤਾਂ ਨੋਟ ਕਰਵਾਉਣ ਲਈ ਭੇਜਿਆ ਜਾਂਦਾ ਹੈ।

**ਜਿਲ੍ਹਾ ਸਿੱਖਿਆ ਅਫਸਰ(ਐ.ਸਿੱ.)**
**ਬਠਿੰਡਾ।**

3.4.18
**ਜਿਲ੍ਹਾ ਸਿੱਖਿਆ ਅਫਸਰ(ਸੈ.ਸਿੱ.)**
**ਬਠਿੰਡਾ।**